INDIA NEWS COMMUNICATIONS

| PUBLICATION | EDITION | DATE |
| --- | --- | --- |
| Punjabi Jagran | Chandigarh | 09/04/2017 |


# ਦੋਹਰੇ ਵੱਟਾਂ ਵਾਲਾ ਇੰਟਰਲੌਕਿੰਗ ਸਟੀਲ ਪੇਸ਼ ਕੀਤਾ

**ਪੱਤਰ ਪ੍ਰੇਰਕ, ਚੰਡੀਗੜ੍ਹ** : ਮੁਲਕ ਵਿਚ ਇਮਾਰਤਾਂ ਨੂੰ ਹੋਰ ਜ਼ਿਆਦਾਂ ਮਜ਼ਬੂਤ ਤੇ ਸੁਰੱਖਿਅਤ ਬਣਾਉਣ ਲਈ ਪ੍ਰਸਿੱਧ ਸਟੀਲ ਬਣਾਉਣ ਵਾਲੀ ਕੰਪਨੀ ਕਾਮਧੇਨੂ ਨੇ ਬਿਹਤਰੀਨ ਤਾਕਤ ਤੇ ਗੁਣਵੱਤਾ ਵਾਲੇ ਦੋਹਰੇ -ਵੱਟਾਂ ਵਾਲੇ ਇੰਟਰਲੌਕਿੰਗ ਸਟੀਲ ਨੂੰ ਮਾਰਕੀਟ ਵਿੱਚ ਪੇਸ਼ ਕੀਤਾ ਹੈ। ਕਾਮਧੇਨੂ ਗਰੁੱਪ ਦੇ ਨਿਰਦੇਸ਼ਕ ਸੁਨੀਲ ਅਗਰਵਾਲ ਨੇ ਇੱਥੇ ਹੋਟਲ ਲਲਿਤ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਅੱਜਕਲ੍ਹ ਕੌਮਾਂਤਰੀ ਪੱਧਰ ਦੀਆਂ ਸਾਰੀਆਂ ਇਮਾਰਤਾਂ ਵਿਚ ਇਸੇ ਤਕਨੀਕ ਰਾਹੀ ਤਿਆਰ ਕੀਤਾ ਸਟੀਲ ਹੀ ਵਰਤਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਇਸ ਤਕਨੀਕ ਦੇ ਸਰੀਏ ਦੀ ਵਰਤੋਂ ਨਾਲ ਬਿਲਡਿੰਗ ਮਜ਼ਬੂਤ ਰਹਿੰਦੀ ਹੈ ਤੇ ਕੁਦਰਤੀ ਆਫਤਾਂ ਸਮੇਂ ਵੀ ਵਾਹਵਾ ਚਿਰ ਕਾਰਗਰ ਸਾਬਤ ਹੁੰਦੀ ਹੈ। ਭੂਚਾਲ ਆ ਜਾਣ ਦੀ ਸੂਰਤ ਵਿੱਚ ਵੀ ਇਮਾਰਤ ਨੂੰ ਵੀ ਕੋਈ ਨੁਕਸਾਨ ਨਹੀ ਪਹੁੰਚਦਾ।